## *ਐਲਸਾ*

### ਐਲਸਾ ਕੀ ਹੈ?

ਐਲਸਾ ਦਾ ਮਤਲਬ ਹੈ ਕਿ ਬਾਲਗਾਂ ਲਈ ਅੰਗਰੇਜ਼ੀ ਬੋਲੀ ਦੀਆਂ ਸੇਵਾਵਾਂ (ਇੰਗਲਿਸ਼ ਲੈਂਗੂਏਜ ਸਰਵਿਸਿਜ਼ ਫਾਰ ਅਡੱਲਟਸ)। ਐਲਸਾ ਪ੍ਰੋਗਰਾਮ ਕੈਨੇਡਾ ਵਿਚ ਨਵੇਂ ਆਏ ਬਾਲਗਾਂ ਲਈ ਮੁਢਲੇ ਅਤੇ ਦਰਮਿਆਨੇ ਪੱਧਰ ਦੀ ਅੰਗਰੇਜ਼ੀ ਦੀ ਪੜ੍ਹਾਈ ਦੀਆਂ ਸੇਵਾਵਾਂ ਪੇਸ਼ ਕਰਦਾ ਹੈ। ਐਲਸਾ ਨੂੰ ਫੰਡ ਸਰਕਾਰ ਵਲੋਂ ਮਿਲਦੇ ਹਨ ਅਤੇ ਇਹ ਵਿਦਿਆਰਥੀਆਂ ਲਈ ਮੁਫਤ ਹੈ।

### ਮੈਂ ਐਲਸਾ ਕਲਾਸਾਂ ਵਿਚ ਕੀ ਸਿੱਖਾਂਗਾ/ਸਿੱਖਾਂਗੀ?

ਤੁਸੀਂ ਅੰਗਰੇਜ਼ੀ ਸਿੱਖੋਗੇ ਤਾਂ ਜੋ ਤੁਹਾਡੀ ਆਪਣੀਆਂ ਗੱਲਬਾਤ ਕਰਨ ਦੀਆਂ ਲੋੜਾਂ ਵਿਚ ਮਦਦ ਹੋ ਸਕੇ। ਤੁਸੀਂ ਕੈਨੇਡਾ ਦੇ ਕਾਨੂੰਨਾਂ, ਹੈਲਥ ਕੇਅਰ, ਸਮਾਜ, ਜੌਬ ਮਾਰਕੀਟ ਅਤੇ ਕਈ ਹੋਰ ਚੀਜ਼ਾਂ ਬਾਰੇ ਸਿੱਖੋਗੇ ਜਿਹੜੀਆਂ ਕੈਨੇਡਾ ਵਿਚ ਜ਼ਿੰਦਗੀ ਲਈ ਮਹੱਤਵਪੂਰਨ ਹਨ। ਐਲਸਾ ਦੇ ਸਭ ਤੋਂ ਉੱਚੇ ਪੱਧਰਾਂ ’ਤੇ ਤੁਸੀਂ ਅੰਗਰੇਜ਼ੀ ਦੀ ਅਗਾਂਹ ਪੜ੍ਹਾਈ ਲਈ ਤਿਆਰੀ ਕਰ ਸਕਦੇ ਹੋ ਜਾਂ ਰੁਜ਼ਗਾਰ ਲਈ ਟਰੇਨਿੰਗ ਲੈਣ ਦੇ ਯੋਗ ਹੋਣ ਲਈ ਆਪਣਾ ਅੰਗਰੇਜ਼ੀ ਦਾ ਪੱਧਰ ਉੱਚਾ ਚੁੱਕ ਸਕਦੇ ਹੋ। ਕੈਨੇਡਾ ਵਿਚ ਆਪਣੇ ਖੇਤਰ ਜਾਂ ਕਿੱਤੇ ਵਿਚ ਕੰਮ ਕਰਨ ਲਈ, ਤੁਹਾਨੂੰ ਐਲਸਾ ਕਲਾਸ ਦੇ ਖਤਮ ਹੋ ਜਾਣ ਤੋਂ ਬਾਅਦ ਹੋਰ ਅੰਗਰੇਜ਼ੀ ਸਿੱਖਣ ਦੀ ਲੋੜ ਹੋ ਸਕਦੀ ਹੈ।

## *ਯੋਗਤਾ*

### ਐਲਸਾ ਕੌਣ ਲੈ ਸਕਦਾ ਹੈ?

ਤੁਸੀਂ ਕੈਨੇਡਾ ਵਿਚ ਨਵੇਂ ਆਏ ਹੋਣੇ ਚਾਹੀਦੇ ਹੋ, ਉਮਰ 17 ਸਾਲ ਜਾਂ ਜ਼ਿਆਦਾ ਹੋਣੀ ਚਾਹੀਦੀ ਹੈ ਅਤੇ ਪੱਕੇ ਵਸਨੀਕ ਦੇ ਤੌਰ ’ਤੇ ਮਨਜ਼ੂਰ ਹੋਏ ਹੋਣੇ ਚਾਹੀਦੇ ਹੋ। ਕੈਨੇਡੀਅਨ ਸਿਟੀਜ਼ਨ ਅਤੇ ਰਫਿਊਜੀ ਦਾ ਕਲੇਮ ਕਰਨ ਵਾਲੇ ਲੋਕ ਗਰੇਟਰ ਵੈਨਕੂਵਰ ਦੇ ਇਲਾਕੇ ਵਿਚ ਅਤੇ ਗਰੇਟਰ ਵਿਕਟੋਰੀਆ ਰੀਜਨਲ ਡਿਸਟਰਿਕਟਸ ਵਿਚ ਐਲਸਾ ਦੀਆਂ ਕਲਾਸਾਂ ਨਹੀਂ ਲੈ ਸਕਦੇ। ਪਰ ਉਹ ਇਨ੍ਹਾਂ ਇਲਾਕਿਆਂ ਤੋਂ ਬਾਹਰਲੇ ਇਲਾਕਿਆਂ ਵਿਚ ਐਲਸਾ ਕਲਾਸਾਂ ਲੈ ਸਕਦੇ ਹਨ। ਤੁਹਾਡੇ ਕੋਲ ਅੱਗੇ ਲਿਖੇ ਪੇਪਰਾਂ ਵਿਚੋਂ ਘੱਟੋ ਘੱਟ ਇਕ ਹੋਣਾ ਜ਼ਰੂਰੀ ਹੈ:

- ਪਰਮਾਨੈਂਟ ਰੈਜ਼ੀਡੈਂਟ ਕਾਰਡ ਅਤੇ ਨੰਬਰ (ਪੀ ਆਰ ਸੀ)
- ਪੱਕੇ ਵਸਨੀਕ ਹੋਣ ਦੀ ਤਸਦੀਕ (ਫਾਰਮ ਆਈ ਐੱਮ ਐੱਮ 5292)
- ਰਿਕਾਰਡ ਆਫ ਲੈਂਡਿੰਗ (ਫਾਰਮ ਆਈ ਐੱਮ ਐੱਮ 1000 – ਜੂਨ 2002 ਤੋਂ ਪਹਿਲਾਂ ਜਾਰੀ ਹੋਇਆ)
- ਵਿਜ਼ਟਰ ਦਾ ਰਿਕਾਰਡ – ਕੇਸ ਟਾਈਪ 17
- ਕੰਮ ਕਰਨ ਦਾ ਪਰਮਿਟ (ਇਮਪਲੌਏਮੈਂਟ ਆਥੋਰਾਈਜੇਸ਼ਨ) – ਕੇਸ ਟਾਈਪ 27
- ਪੜ੍ਹਾਈ ਕਰਨ ਦਾ ਪਰਮਿਟ (ਸਟੂਡੈਂਟ ਆਥੋਰਾਈਜੇਸ਼ਨ) – ਕੇਸ ਟਾਈਪ 37
- ਆਰਜ਼ੀ ਵਸਨੀਕ ਦਾ ਪਰਮਿਟ (ਮਿਨਿਸਟਰੀਅਲ ਪਰਮਿਟ) – ਕੇਸ ਟਾਈਪ 86, 87, 88 ਜਾਂ 89
- ਇਮੀਗਰੇਸ਼ਨ ਐਂਡ ਰਫਿਊਜੀ ਬੋਰਡ (ਆਈ ਆਰ ਬੀ) ਦੇ ਰਫਿਊਜੀ ਪ੍ਰੋਟੈਕਸ਼ਨ ਡਿਵੀਜ਼ਨ ਵਲੋਂ ਫੈਸਲੇ ਦਾ ਨੋਟਿਸ ਜਿਹੜਾ ਕਨਵੈਨਸ਼ਨ ਰਫਿਊਜੀ (ਸੀ ਆਰ) ਸਟੇਟਸ ਬਾਰੇ ਪੱਕਾ ਕਰਦਾ ਹੋਵੇ
- ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ (ਸੀ ਆਈ ਸੀ) ਵਲੋਂ ਚਿੱਠੀ ਜਿਹੜੀ ਪਰਮਾਨੈਂਟ ਰੈਜ਼ੀਡੈਂਸ ਲਈ ਐਪਲੀਕੇਸ਼ਨ ’ਤੇ ਫੈਸਲਾ ਹੋਣ ਦੌਰਾਨ ਕੈਨੇਡਾ ਵਿਚ ਰਹਿਣ ਦੀ ਆਗਿਆ ਦਿੰਦੀ ਹੈ (ਅਸੂਲਨ ਮਨਜ਼ੂਰੀ)
- ਪ੍ਰੋਵਿੰਸ਼ੀਅਲ ਨੌਮੀਨੀ ਪ੍ਰੋਗਰਾਮ (ਪੀ ਐੱਨ ਪੀ) ਅਧੀਨ ਮਨਿਸਟਰੀ ਆਫ ਅਡਵਾਂਸਡ ਐਜੂਕੇਸ਼ਨ ਐਂਡ ਲੇਬਰ ਮਾਰਕੀਟ ਡਿਵੈਲਪਮੈਂਟ ਦੀ ਚਿੱਠੀ

### ਕੀ ਮੈਨੂੰ ਪੜ੍ਹਨ ਲਈ ਪਰਮਿਟ ਦੀ ਲੋੜ ਹੈ?

ਜਿਨ੍ਹਾਂ ਲੋਕਾਂ ਕੋਲ ਪਰਮਾਨੈਂਟ ਰੈਜ਼ੀਡੈਂਟ ਕਾਰਡ (ਪੀ ਆਰ ਸੀ), ਜਾਂ ਰਿਕਾਰਡ ਆਫ ਲੈਂਡਿੰਗ (ਆਈ ਐੱਮ ਐੱਮ 1000), ਜਾਂ ਸਟੱਡੀ ਪਰਮਿਟ (ਡਾਕੂਮੈਂਟ ਏ, ਸੀ, ਜਾਂ ਐੱਫ ਜਿਸ ਬਾਰੇ ਉਪਰ ਦੱਸਿਆ ਗਿਆ ਹੈ) ਨਹੀਂ ਹੈ, ਉਨ੍ਹਾਂ ਨੂੰ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ (ਸੀ ਆਈ ਸੀ) ਵਿਖੇ ਸਟੱਡੀ ਪਰਮਿਟ ਲਈ ਅਪਲਾਈ ਜ਼ਰੂਰ ਕਰਨਾ ਪਵੇਗਾ। ਆਪਣੀ ਅਸਿਸਮੈਂਟ ਅਤੇ ਰੈਫਰਲ ਤੋਂ ਬਾਅਦ, ਸਕੂਲ ਨੂੰ ਜਾਉ ਅਤੇ ਰਜਿਸਟਰੇਸ਼ਨ ਦੀ ਤਸਦੀਕ ਲਵੋ ਅਤੇ ਸਟੱਡੀ ਪਰਮਿਟ ਲਈ ਅਪਲਾਈ ਕਰਨ ਲਈ ਇਸ ਨੂੰ ਸੀ/ਸੀ ਦਫਤਰ ਵਿਚ ਲੈ ਕੇ ਜਾਉ।

## *ਪ੍ਰੋਗਰਾਮ*

### ਐਲਸਾ ਲੈਵਲ (ਪੱਧਰ) ਕੀ ਹਨ?

ਐਲਸਾ ਲੈਵਲ 1 (ਹੇਠਲੇ ਸ਼ੁਰੂਆਤੀ ਪੱਧਰ) ਤੋਂ ਲੈਵਲ 5 (ਉਪਰਲੇ ਦਰਮਿਆਨੇ ਪੱਧਰ) ਤੱਕ ਜਾਂਦੇ ਹਨ। ਐਲਸਾ ਲਈ ਅਪਲਾਈ ਕਰਨ ਤੋਂ ਬਾਅਦ, ਤੁਹਾਨੂੰ ਇੰਗਲਿਸ਼ ਅਸਿਸਮੈਂਟ (ਟੈੱਸਟ) ਲਈ ਅਪੌਇੰਟਮੈਂਟ ਦਿੱਤੀ ਜਾਵੇਗੀ। ਅਸਿਸਮੈਂਟ ਕਰਨ ਵਾਲਾ ਦਫਤਰ ਤੁਹਾਡੇ ਲੈਵਲ (ਪੱਧਰ) ਬਾਰੇ ਫੈਸਲਾ ਕਰੇਗਾ। ਲੈਵਲ 4 ਅਤੇ 5 ’ਤੇ, ਐਲਸਾ ਦੀਆਂ ਆਮ ਕਲਾਸਾਂ ਅਤੇ ਲੇਬਰ ਮਾਰਕੀਟ ਲਈ ਤਿਆਰੀ ਦੀਆਂ ਕਲਾਸਾਂ (ਲੇਬਰ ਮਾਰਕੀਟ ’ਤੇ ਕੇਂਦਰਿਤ ਐਲਸਾ) ਉਪਲਬਧ ਹਨ: ਅਸਿਸਮੈਂਟ ਦਫਤਰ ਤੁਹਾਨੂੰ ਇਕ ਬਰੋਸ਼ਰ ਦੇ ਸਕਦਾ ਹੈ ਜਿਹੜਾ ਇਨ੍ਹਾਂ ਖਾਸ ਕਲਾਸਾਂ ਬਾਰੇ ਦੱਸਦਾ ਹੈ।

### ਐਲਸਾ ਕਲਾਸਾਂ ਕਿੱਥੇ ਲੱਗਦੀਆਂ ਹਨ?

ਗਰੇਟਰ ਵੈਨਕੂਵਰ, ਫਰੇਜ਼ਰ ਵੈਲੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਹੋਰ ਹਿੱਸਿਆਂ ਦੇ ਵੱਖ ਵੱਖ ਸਕੂਲਾਂ ਵਿਚ 30 ਤੋਂ ਵੀ ਜ਼ਿਆਦਾ ਐਲਸਾ ਕਲਾਸਾਂ ਲੱਗਦੀਆਂ ਹਨ। ਤੁਸੀਂ ਸਕੂਲਾਂ ਦੀ ਲਿਸਟ www.elsanet.org ਵੈੱਬਸਾਈਟ ’ਤੇ “Find ELSA Schools in BC” ਥੱਲੇ ਦੇਖ ਸਕਦੇ ਹੋ। ਅਸੈੱਸਮੈਂਟ ਅਫਸਰ ਤੁਹਾਨੂੰ ਕਿਸੇ ਸਕੂਲ ਭੇਜੇਗਾ। ਕੁਝ ਵਿਦਿਆਰਥੀ ਆਪਣੇ ਸਕੂਲ ਦੀ ਚੋਣ ਕਰ ਸਕਣ ਦੇ ਯੋਗ ਹੋ ਸਕਦੇ ਹਨ।

### ਐਲਸਾ ਕਲਾਸਾਂ ਕਿਸ ਸਮੇਂ ਲੱਗਦੀਆਂ ਹਨ?

ਕਲਾਸਾਂ ਸਵੇਰ ਨੂੰ, ਬਾਅਦ ਦੁਪਹਿਰ ਨੂੰ ਅਤੇ ਸ਼ਾਮ ਨੂੰ ਲੱਗ ਸਕਦੀਆਂ ਹਨ। ਫੁੱਲ-ਟਾਈਮ ਕਲਾਸਾਂ ਹਫਤੇ ਵਿਚ 25 ਘੰਟਿਆਂ ਦੀਆਂ ਹਨ। ਪਾਰਟ-ਟਾਈਮ ਕਲਾਸਾਂ ਹਫਤੇ ਵਿਚ 9 ਤੋਂ 15 ਘੰਟਿਆਂ ਦੀਆਂ ਹਨ।

### ਐਲਸਾ ਪ੍ਰੋਗਰਾਮ ਕਿੰਨਾ ਲੰਮਾ ਹੈ?

ਪੜ੍ਹਾਈ ਦੇ ਵੱਧ ਤੋਂ ਵੱਧ ਘੰਟੇ ਇਸ ਚੀਜ਼ ’ਤੇ ਨਿਰਭਰ ਹੋਣਗੇ ਕਿ ਸ਼ੁਰੂ ਕਰਨ ਵੇਲੇ ਤੁਹਾਡਾ ਲੈਵਲ ਕਿਹੜਾ ਹੈ। ਤੁਹਾਡਾ ਸਕੂਲ ਤੁਹਾਨੂੰ ਇਹ ਦੱਸੇਗਾ ਕਿ ਤੁਸੀਂ ਐਲਸਾ ਵਿਚ ਵੱਧ ਤੋਂ ਵੱਧ ਕਿੰਨੀ ਪੜ੍ਹਾਈ ਕਰ ਸਕਦੇ ਹੋ।

### ਹਾਜ਼ਰੀ ਸਬੰਧੀ ਕੀ ਨਿਯਮ ਹਨ?

ਤੁਹਾਡਾ ਸਕੂਲ ਤੁਹਾਨੂੰ ਹਾਜ਼ਰੀ ਦੇ ਨਿਯਮਾਂ ਬਾਰੇ ਦੱਸੇਗਾ। ਵਿਦਿਆਰਥੀਆਂ ਤੋਂ ਆਪਣੀਆਂ ਸਾਰੀਆਂ ਜਾਂ ਤਕਰੀਬਨ ਸਾਰੀਆਂ ਕਲਾਸਾਂ ਵਿਚ ਆਉਣ ਅਤੇ ਸਮੇਂ ਸਿਰ ਆਉਣ ਦੀ ਉਮੀਦ ਕੀਤੀ ਜਾਂਦੀ ਹੈ। ਜੇ ਤੁਸੀਂ ਕਲਾਸਾਂ ਲੱਗਣ ’ਤੇ ਸਾਰੇ ਦਿਨ ਆ ਨਹੀਂ ਸਕਦੇ ਤਾਂ ਐਲਸਾ ਲਈ ਅਪਲਾਈ ਨਾ ਕਰੋ।

### ਮੈਂ ਆਪਣੇ ਬੱਚਿਆਂ ਦਾ ਕੀ ਕਰ ਸਕਦੀ/ਸਕਦਾ ਹਾਂ?

ਕੁਝ ਐਲਸਾ ਕਲਾਸਾਂ ਵਿਚ, ਸਕੂਲ ਜਾਣ ਤੋਂ ਪਹਿਲਾਂ ਦੀ ਉਮਰ ਦੇ ਬੱਚਿਆਂ ਦੀ ਮੁਫਤ ਸੰਭਾਲ ਕੀਤੀ ਜਾਂਦੀ ਹੈ। ਕੇਵਲ ਥੋੜ੍ਹੇ ਬੱਚਿਆਂ ਦੀ ਹੀ ਸੰਭਾਲ ਕੀਤੀ ਜਾਂਦੀ ਹੈ। ਐਲਸਾ ਦੇ ਬਹੁਤੇ ਵਿਦਿਆਰਥੀਆਂ

ਨੂੰ ਆਪਣੇ ਬੱਚਿਆਂ ਦੀ ਸੰਭਾਲ ਦਾ ਪ੍ਰਬੰਧ ਆਪ ਕਰਨਾ ਪਵੇਗਾ। ਸੰਭਾਲ ਦੇ ਖਰਚੇ ਵਿਚ ਪਰਿਵਾਰਾਂ ਦੀ ਮਦਦ ਲਈ ਸੂਬੇ ਵਲੋਂ ਸੰਭਾਲ ਲਈ ਸਬਸਿਡੀ ਦਿੱਤੀ ਜਾਂਦੀ ਹੈ। ਇਹ ਪਤਾ ਲਾਉਣ ਲਈ ਕਿ ਕੀ ਤੁਸੀਂ ਬੱਚੇ ਦੀ ਸੰਭਾਲ ਲਈ ਮਿਲਣ ਵਾਲੀ ਸਬਸਿਡੀ ਦੇ ਹੱਕਦਾਰ ਹੋ ਜਾਂ ਨਹੀਂ, ਆਪਣੇ ਇਲਾਕੇ ਦੀ ਇਮੀਗਰਾਂਟ ਸੈਟਲਮੈਂਟ ਏਜੰਸੀ ਵਿਚ ਜਾਓ।

## *ਅਪਲਾਈ ਕਿਵੇਂ ਕਰਨਾ ਹੈ*

**ਮੈਂ ਐਲਸਾ ਲਈ ਅਪਲਾਈ ਕਿਵੇਂ ਕਰ ਸਕਦਾ/ਸਕਦੀ ਹਾਂ?**
ਐਪਲੀਕੇਸ਼ਨ ਫਾਰਮ ਲੈਣ ਲਈ ਅੱਗੇ ਦੱਸੇ ਦਫਤਰਾਂ ਵਿਚੋਂ ਕਿਸੇ ਨੂੰ ਲਿਖੋ, ਟੈਲੀਫੋਨ ਕਰੋ, ਫੈਕਸ ਕਰੋ ਜਾਂ ਉੱਥੇ ਜਾਓ।
ਵੈਨਕੂਵਰ, ਨੌਰਥ ਵੈਨਕੂਵਰ, ਵੈੱਸਟ ਵੈਨਕੂਵਰ, ਰਿਚਮੰਡ, ਸਾਊਥ ਡੈਲਟਾ, ਬਰਨਬੀ ਜਾਂ ਨਿਊ ਵੈੱਸਟਮਿਨਸਟਰ ਵਿਚ ਰਹਿੰਦੇ ਇੱਥੇ ਅਪਲਾਈ ਕਰਨ:

Western ESL Services
ELSA Assessment and Referral Centre
#208 - 2525 Commercial Drive
Vancouver, BC V5N 4C1
ਟੈਲੀਫੋਨ: (604) 876-5756
ਫੈਕਸ: (604) 876-0134

ਸਰੀ, ਨੌਰਥ ਡੈਲਟਾ, ਕੁਕਿਟਲਮ, ਪੋਰਟ ਕੁਕਿਟਲਮ, ਮੇਪਲ ਰਿਜ ਜਾਂ ਫਰੇਜ਼ਰ ਵੈਲੀ ਵਿਚ ਰਹਿੰਦੇ ਲੋਕ ਇੱਥੇ ਅਪਲਾਈ ਕਰਨ:

Surrey Language Assessment Centre
#202 -7337 137th St.
Surrey, BC V3W 1A4
ਟੈਲੀਫੋਨ: (604) 507-4150
ਫੈਕਸ: (604) 507-4155

ਹੋਰ ਇਲਾਕਿਆਂ ਵਿਚ ਰਹਿੰਦੇ ਲੋਕ, ਆਪਣੇ ਇਲਾਕੇ ਵਿਚਲੇ ਉਸ ਸਕੂਲ ਵਿਚ ਸਿੱਧਾ ਅਪਲਾਈ ਕਰ ਸਕਦੇ ਹਨ ਜਿੱਥੇ ਐਲਸਾ ਕਲਾਸਾਂ ਲੱਗਦੀਆਂ ਹਨ। (ਸਕੂਲਾਂ ਦੇ ਨਕਸ਼ੇ ਲਈ elsanet.org ਵੈੱਬਸਾਈਟ ਦੇਖੋ)

ਭਰਿਆ ਹੋਇਆ ਐਪਲੀਕੇਸ਼ਨ ਫਾਰਮ ਅਤੇ ਆਪਣੇ ਇਮੀਗਰੇਸ਼ਨ ਪੇਪਰਾਂ ਦੀ ਫੋਟੋਕਾਪੀ ਭੇਜੋ ਜਾਂ ਨਾਲ ਲੈ ਕੇ ਆਓ। (ਯੋਗਤਾ) ਦੇਖੋ। ਜੇ ਤੁਸੀਂ ਆਪਣਾ ਪਰਮਾਨੈਂਟ ਰੈਜ਼ੀਡੈਂਟ ਕਾਰਡ ਵਰਤ ਰਹੇ ਹੋ ਤਾਂ ਦੋਨਾਂ ਪਾਸਿਆਂ ਦੀ ਫੋਟੋਕਾਪੀ ਕਰੋ।

ਤੁਹਾਡੀ ਐਪਲੀਕੇਸ਼ਨ ’ਤੇ ਨਾਂ ਉਸ ਤਰ੍ਹਾਂ ਹੀ ਲਿਖਿਆ ਹੋਣਾ ਜ਼ਰੂਰੀ ਹੈ ਜਿਸ ਤਰ੍ਹਾਂ ਇਹ ਤੁਹਾਡੇ ਇਮੀਗਰੇਸ਼ਨ ਪੇਪਰਾਂ ’ਤੇ ਲਿਖਿਆ ਹੋਇਆ ਹੈ। ਆਪਣੀ ਅਸਿਸਮੈਂਟ ਲਈ ਦਫਤਰ ਨੂੰ ਆਉਣ ਵੇਲੇ ਆਪਣੀ ਇਮੀਗਰੇਸ਼ਨ ਦੇ ਅਸਲੀ ਪੇਪਰ ਲੈ ਕੇ ਆਓ (ਫੋਟੋਕਾਪੀ ਨਹੀਂ)

**ਮੈਨੂੰ ਐਲਸਾ ਲਈ ਕਦੋਂ ਅਪਲਾਈ ਕਰਨਾ ਚਾਹੀਦਾ ਹੈ?**
ਉਦੋਂ ਅਪਲਾਈ ਕਰੋ ਜਦੋਂ ਤੁਸੀਂ ਪੜ੍ਹਣ ਲਈ ਤਿਆਰ ਹੋਵੋ। ਜੇ ਤੁਸੀਂ ਸਫਰ ’ਤੇ ਜਾ ਰਹੇ ਹੋ, ਹਸਪਤਾਲ ਜਾਣਾ ਹੈ ਜਾਂ ਕੁਝ ਮਹੀਨਿਆਂ ਵਿਚ ਬੱਚਾ ਹੋਣਾ ਹੈ ਤਾਂ ਅਪਲਾਈ ਨਾ ਕਰੋ।

**ਮੇਰੇ ਅਪਲਾਈ ਕਰਨ ਤੋਂ ਬਾਅਦ ਕੀ ਹੁੰਦਾ ਹੈ?**
ਤੁਹਾਨੂੰ ਇਕ ਚਿੱਠੀ ਮਿਲੇਗੀ ਜਿਸ ਵਿਚ ਤੁਹਾਡੇ ਅਸਿਸਮੈਂਟ ਟੈੱਸਟ ਦਾ ਸਮਾਂ ਅਤੇ ਸਥਾਨ ਦੱਸਿਆ ਗਿਆ ਹੋਵੇਗਾ। ਐਲਸਾ ਕਲਾਸਾਂ ਲਈ ਜਾਣ ਤੋਂ ਪਹਿਲਾਂ ਤੁਹਾਡਾ ਅਸਿਸਮੈਂਟ ਟੈੱਸਟ ਹੋਣਾ ਜ਼ਰੂਰੀ ਹੈ।

**ਐਲਸਾ ਕਲਾਸਾਂ ਕਦੋਂ ਸ਼ੁਰੂ ਹੁੰਦੀਆਂ ਹਨ?**
ਬਹੁਤੇ ਸਕੂਲ ਨਵੇਂ ਵਿਦਿਆਰਥੀਆਂ ਨੂੰ ਮਹੀਨੇ ਦੇ ਸ਼ੁਰੂ ਤੋਂ ਹੀ ਰੱਖਦੇ ਹਨ। ਵਿਦਿਆਰਥੀਆਂ ਨੂੰ ਉਡੀਕ ਲਿਸਟ ਵਿਚ ਰੱਖਿਆ ਜਾ ਸਕਦਾ ਹੈ (ਆਮ ਤੌਰ ’ਤੇ 2 ਜਾਂ 3 ਮਹੀਨਿਆਂ ਤੋਂ ਜ਼ਿਆਦਾ ਸਮਾਂ ਨਹੀਂ)।

ELSA - English Language Services for Adults [Punjabi]

ELSA Net
www.elsanet.org

# ELSA

ਬਾਲਗਾਂ ਲਈ ਅੰਗਰੇਜ਼ੀ ਬੋਲੀ ਦੀਆਂ ਸੇਵਾਵਾਂ (ਐਲਸਾ)









## ਮੈਂ ਅੰਗਰੇਜ਼ੀ ਸਿੱਖਣਾ ਚਾਹੁੰਦਾ/ਚਾਹੁੰਦੀ ਹਾਂ।

ਮੈਨੂੰ ਐਲਸਾ ਦੀ ਲੋੜ ਹੈ।

ਫੰਡ ਮਨਿਸਟਰੀ ਆਫ ਅਡਵਾਂਸਡ ਐਜੂਕੇਸ਼ਨ ਅਤੇ ਲੇਬਰ ਮਾਰਕੀਟ ਡਿਵੈਲਪਮੈਂਟ: ਇਮੀਗਰਾਂਟ ਇਨਟੈਗਰੇਸ਼ਨ ਬਰਾਂਚ ਰਾਹੀਂ ਮਿਲੇ।